# ਅਰਲੀ ਸਪੋਰਟ ਫੌਰ ਇਨਫੈਂਟਸ ਐਂਡ ਟੋਡਲਰਸ (ESIT) ਸੇਵਾਵਾਂ ਲਈ ਵਿਅਕਤੀਗਤ ਰੂਪ ਤੋਂ ਸ਼ੁਰੂਆਤੀ ਸਹਾਇਤਾ ਲਈ ਪਰਿਵਾਰਾਂ ਵਿੱਚ ਤਬਦੀਲੀ ਲਈ ਇੱਕ ਗਾਈਡ



ESIT ਪ੍ਰੋਗਰਾਮ ਚਾਹੁੰਦਾ ਹੈ ਕਿ ਤੁਹਾਡਾ ਪਰਿਵਾਰ ਸੁਰੱਖਿਅਤ ਅਤੇ ਸਿਹਤਮੰਦ ਰਹੇ। ਤੁਹਾਨੂੰ ਦੇਖਣ ਆਉਣ ਵਾਲੇ ਸੇਵਾ ਪ੍ਰਦਾਤਾ ਰਾਜ ਅਤੇ ਉਨ੍ਹਾਂ ਦੀ ਏਜੰਸੀ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨਗੇ।

## ਕੀ ਸਾਨੂੰ ਵਿਅਕਤੀਗਤ ਸੇਵਾਵਾਂ ਵਿੱਚ ਤਬਦੀਲੀ ਕਰਨੀ ਪਏਗੀ?

ਤੁਸੀਂ ਤੁਹਾਡੇ ਬੱਚੇ ਅਤੇ ਪਰਿਵਾਰ ਦੀਆਂ ਜ਼ਰੂਰਤਾਂ ਨੂੰ ਕਿਸੇ ਹੋਰ ਨਾਲੋਂ ਬਿਹਤਰ ਜਾਣਦੇ ਹੋ, ਅਤੇ ਤੁਸੀਂ ਵਿਅਕਤੀਗਤ ਸੇਵਾਵਾਂ ਵਿੱਚ ਤਬਦੀਲੀ ਲਈ ਸਹੀ ਸਮਾਂ ਚੁਣ ਸਕਦੇ ਹੋ। ਤੁਹਾਡਾ ਪਰਿਵਾਰਕ ਸਰੋਤ ਕੋਆਰਡੀਨੇਟਰ ਅਤੇ ਤੁਹਾਡੇ ਹੋਰ ਸੇਵਾ ਪ੍ਰਦਾਤਾ ਤੁਹਾਡੀਆਂ ਚੋਣਾਂ ਬਾਰੇ ਵਿਚਾਰ ਵਟਾਂਦਰੇ ਲਈ ਉਪਲੱਬਧ ਹਨ।

## ਮੇਰੇ ਕੀ ਵਿਕਲਪ ਹਨ?

ਪਰਿਵਾਰਾਂ ਕੋਲ ਕਈ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਨ ਦੇ ਵਿਕਲਪ ਹੁੰਦੇ ਹਨ। ਉਦਾਹਰਣ ਵਜੋਂ, ਤੁਸੀਂ:

- ਟੈਲੀ-ਅਭਿਆਸ ਸੇਵਾਵਾਂ ਨਾਲ ਜਾਰੀ ਰੱਖ ਸਕਦੇ ਹੋ
- ਆਪਣੇ ਘਰ ਵਿੱਚ ਪ੍ਰਦਾਤਾ ਦੇ ਆਉਣ ਦੀ ਚੋਣ ਕਰ ਸਕਦੇ ਹੋ
- ਕਿਸੇ ਪ੍ਰਦਾਤਾ ਨੂੰ ਮਿਲਣ ਲਈ ਬਾਹਰੀ ਸਥਾਨ ਚੁਣ ਸਕਦੇ ਹੋ, ਜਿਵੇਂ ਕਿ ਪਾਰਕ ਜਾਂ ਤੁਹਾਡੇ ਬੈਕਯਾਰਡ ਵਿਚ
- ਜਾਂ ਇਨ੍ਹਾਂ ਚੋਣਾਂ ਦਾ ਕੋਈ ਸੁਮੇਲ

## ਵਿਅਕਤੀਗਤ ਸੇਵਾਵਾਂ ਦੌਰਾਨ ਕਿਸ ਨੂੰ ਮਾਸਕ ਪਹਿਨਣ ਦੀ ਜ਼ਰੂਰਤ ਹੁੰਦੀ ਹੈ?

ਪ੍ਰਦਾਤਾ ਤੁਹਾਡੇ ਘਰ ਵਿੱਚ ਮਾਸਕ ਪਹਿਨਣ ਕੇ ਰੱਖਣਗੇ। ਘਰੇਲੂ ਮੁਲਾਕਾਤਾਂ ਤੋਂ ਪਹਿਲਾਂ, ਤੁਸੀਂ ਆਪਣੇ ਬੱਚੇ ਨੂੰ ਇਹ ਦਰਸਾਉਣ ਲਈ ਆਪਣੇ ਪ੍ਰਦਾਤਾ ਨਾਲ ਵੀਡੀਓ ਕਾਲ ਕਰਵਾ ਸਕਦੇ ਹੋ ਕਿ ਪ੍ਰਦਾਤਾ ਮਾਸਕ ਪਹਿਨੇ ਕਿਸ ਤਰ੍ਹਾਂ ਦਾ ਦਿਖਾਈ ਦੇਵੇਗਾ। ਆਪਣੇ ਬੱਚੇ ਨੂੰ ਸਮਝਾਓ ਕਿ ਮਾਸਕ ਹਰ ਕਿਸੇ ਨੂੰ ਸੁਰੱਖਿਅਤ ਰੱਖਦੇ ਹਨ। ਤੁਹਾਡਾ ਬੱਚਾ ਜੋ ਵਿਅਕਤੀਗਤ ਸੇਵਾਵਾਂ ਪ੍ਰਾਪਤ ਕਰ ਰਿਹਾ ਹੈ, ਨੂੰ ਮਾਸਕ ਪਹਿਨਣ ਦੀ ਜ਼ਰੂਰਤ ਨਹੀਂ ਹੋਏਗੀ। ਹਾਲਾਂਕਿ, ਤੁਹਾਨੂੰ ਅਤੇ ਤੁਹਾਡੇ ਘਰ ਵਿੱਚ ਹੋਰ ਪੰਜ ਸਾਲ ਤੋਂ ਵੱਧ ਉਮਰ ਵਾਲਿਆਂ ਨੂੰ ਪਹਿਨਣ ਲਈ ਕਿਹਾ ਜਾਵੇਗਾ।

## ਜਦੋਂ ਮੇਰਾ ਪ੍ਰਦਾਤਾ ਸਾਡੇ ਘਰ ਆਉਂਦਾ ਹੈ, ਤਾਂ ਕੀ ਸਾਡੇ ਸੈਸ਼ਨ ਪਹਿਲਾਂ ਵਾਂਗ ਹੋਣਗੇ?

ਜੇ ਤੁਸੀਂ ਵਿਅਕਤੀਗਤ ਸੇਵਾਵਾਂ ਵਿਚ ਤਬਦੀਲੀ ਕਰਨ ਦਾ ਫੈਸਲਾ ਲੈਂਦੇ ਹੋ, ਤਾਂ ਤੁਹਾਡਾ ਪ੍ਰਦਾਤਾ ਏਜੰਸੀ ਦੀਆਂ ਸੁਰੱਖਿਆ ਜ਼ਰੂਰਤਾਂ ਦੀ ਸਮੀਖਿਆ ਕਰੇਗਾ ਅਤੇ ਵਰਣਨ ਕਰੇਗਾ ਕਿ ਉਹ ਕਿਸ ਤਰ੍ਹਾਂ ਦੇ ਹੋਣਗੇ। ਇਹ ਜ਼ਰੂਰਤਾਂ ਮੁਲਾਕਾਤਾਂ ਨੂੰ ਪਹਿਲਾਂ ਵੱਖਰਾ ਮਹਿਸੂਸ ਕਰਵਾ ਸਕਦੀਆਂ ਹਨ, ਪਰ ਇਹ ਤੁਹਾਡੀ ਸੁਰੱਖਿਆ ਲਈ ਹਨ। ਹਾਲਾਂਕਿ ਤੁਹਾਡਾ ਸੇਵਾ ਪ੍ਰਦਾਤਾ ਵਿਅਕਤੀਗਤ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ, ਪਰ ਇਹ ਚੀਜ਼ ਮਹਾਂਮਾਰੀ ਤੋਂ ਪਹਿਲਾਂ ਵਰਗੀ ਬਿਲਕੁਲ ਉਹੀ ਨਹੀਂ ਹੋ ਸਕਦੀ। ਇਹ ਮਹੱਤਵਪੂਰਨ ਹੈ ਕਿ ਤੁਸੀਂ ਅਤੇ ਤੁਹਾਡਾ ਬੱਚਾ ਮੁਲਾਕਾਤਾਂ ਦੌਰਾਨ ਆਰਾਮਦਾਇਕ ਮਹਿਸੂਸ ਕਰੇ।

## ਹੋਰ ਸਵਾਲ?

ਅਸੀਂ ਉਹ ਵਿਕਲਪ ਲੱਭਣ ਲਈ ਵਚਨਬੱਧ ਹਾਂ ਜੋ ਤੁਹਾਡੇ ਬੱਚੇ ਦੇ ਵਿਕਾਸ ਦੇ ਟੀਚਿਆਂ ਲਈ ਕੰਮ ਕਰਦੇ ਹੋਏ ਤੁਹਾਡੇ ਪਰਿਵਾਰ ਨੂੰ ਸੁਰੱਖਿਅਤ ਰੱਖਦੇ ਹਨ। ਜੇ ਤੁਹਾਡੇ ਕੋਈ ਪ੍ਰਸ਼ਨ ਹਨ, ਕਿਰਪਾ ਕਰਕੇ ਆਪਣੇ ਸੇਵਾ ਪ੍ਰਦਾਤਾ ਜਾਂ ਆਪਣੇ ਪਰਿਵਾਰਕ ਸਰੋਤ ਕੋਆਰਡੀਨੇਟਰ ਨੂੰ ਪੁੱਛੋ।



DCYF PUBLICATION FS_0059 PJ (04-2021) Punjabi

Washington State Department of
CHILDREN, YOUTH & FAMILIES